BRAMPTON

Media Release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਟ੍ਰਾਂਜ਼ਿਟ ਦੇ ਚੌਥੇ ਪ੍ਰਮਾਣਿਤ COVID-19 ਕੇਸ ਬਾਰੇ
## ਸਿਟੀ ਆਫ ਬ੍ਰੈਂਪਟਨ ਦਾ ਬਿਆਨ

ਬ੍ਰੈਂਪਟਨ, ਓਨਟੈਰੀਓ (12 ਅਪ੍ਰੈਲ, 2020) – 11 ਅਪ੍ਰੈਲ ਨੂੰ, ਸਿਟੀ ਆਫ ਬ੍ਰੈਂਪਟਨ ਨੂੰ ਸੂਚਨਾ ਦਿੱਤੀ ਗਈ ਸੀ ਕਿ ਇਸਦੀ ਸੈਂਡਲਵੁੱਡ ਫੈਸੀਲਿਟੀ (Sandalwood Facility) ਦੇ ਇੱਕ ਟ੍ਰਾਂਜ਼ਿਟ ਓਪਰੇਟਰ (Transit Operator) ਦੀ COVID-19 (ਸੀ.ਓ.ਵੀ.ਆਈ.ਡੀ.-19) ਦੀ ਜਾਂਚ ਪਾਜਿਟਿਵ ਆਈ ਹੈ। ਇਹ ਬ੍ਰੈਂਪਟਨ ਟ੍ਰਾਂਜ਼ਿਟ ਦਾ ਚੌਥਾ ਪ੍ਰਮਾਣਿਤ ਕੇਸ ਹੈ।

ਇਸ ਸਮੇਂ, ਸਿਟੀ ਦੀ ਤਰਜੀਹ, ਪ੍ਰਭਾਵਿਤ ਵਿਅਕਤੀ ਅਤੇ ਉਸਦੇ ਪਰਿਵਾਰ ਨੂੰ ਸਹਿਯੋਗ ਪ੍ਰਦਾਨ ਕਰਨਾ ਅਤੇ ਸਾਡੇ ਕਰਮਚਾਰੀਆਂ, ਸਵਾਰੀਆਂ ਅਤੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਵਿੱਚ ਲਗਾਤਾਰ ਮਦਦ ਕਰਨਾ ਹੈ।

ਜਿਵੇਂ ਹੀ ਸਿਟੀ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ, ਸਟਾਫ਼ ਨੇ ਤੁਰੰਤ ਪੀਲ ਪਬਲਿਕ ਹੈਲਥ (Peel Public Health) ਨੂੰ ਸੰਪਰਕ ਕੀਤਾ।

ਪ੍ਰਭਾਵਿਤ ਓਪਰੇਟਰ ਨੇ ਆਖ਼ਰੀ ਵਾਰ, 7 ਅਪ੍ਰੈਲ ਨੂੰ ਇਸ ਰੂਟ ਤੇ ਕੰਮ ਕੀਤਾ ਸੀ:

- ਰੂਟ 23 ਸੈਂਡਲਵੁੱਡ (Route 23 Sandalwood)

ਜਿਹਨਾਂ ਲੋਕਾਂ ਨੇ ਉਸ ਦਿਨ ਇਸ ਬੱਸ ਤੇ ਸਫ਼ਰ ਕੀਤਾ, ਜੇਕਰ ਉਹਨਾਂ ਨੂੰ ਕੋਈ ਲੱਛਣ ਨਹੀਂ ਹਨ ਅਤੇ ਉਹ ਬਿਲਕੁੱਲ ਠੀਕ ਹਨ, ਤਾਂ ਉਹ ਆਪਣੇ ਰੋਜ਼ਾਨਾ ਦੇ ਨਿੱਤਨੇਮ ਨੂੰ ਜਾਰੀ ਰੱਖ ਸਕਦੇ ਹਨ। ਉਹ ਪਬਲਿਕ ਹੈਲਥ ਨੂੰ ਫੋਨ ਨਾ ਕਰਨ। ਜੇਕਰ ਤੁਹਾਨੂੰ ਕੋਈ ਲੱਛਣ ਪੈਦਾ ਹੁੰਦੇ ਹਨ, ਤਾਂ ਕਿਰਪਾ ਕਰਕੇ ਪਬਲਿਕ ਹੈਲਥ ਨੂੰ ਫੋਨ ਕਰੋ। ਜੇਕਰ ਤੁਹਾਨੂੰ ਐਮਰਜੈਂਸੀ ਡਾਕਟਰੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 911 ਤੇ ਫੋਨ ਕਰੋ।

ਪੀਲ ਪਬਲਿਕ ਹੈਲਥ ਇਹ ਵੀ ਸੂਚਿਤ ਕਰਦਾ ਹੈ ਕਿ ਪਬਲਿਕ ਟ੍ਰਾਂਜ਼ਿਟ ਬੱਸ ਤੇ ਸਵਾਰੀਆਂ ਨੂੰ ਸਿਰਫ਼ ਓਨਾ ਹੀ ਜੋਖਮ ਹੈ, ਜਿੰਨਾ ਆਮ ਭਾਈਚਾਰੇ ਵਿੱਚ ਹੋਣ ਤੋਂ ਹੈ। ਇਸਦੇ ਇਲਾਵਾ ਉਹਨਾਂ ਨੂੰ ਕੋਈ ਵਾਧੂ ਜੋਖਮ ਨਹੀਂ ਹੈ।

ਸਿਟੀ ਭਾਈਚਾਰੇ ਨੂੰ ਯਕੀਨ ਦਵਾਉਂਦੀ ਹੈ ਕਿ ਉਹ COVID-19 ਨੂੰ ਫੈਲਣ ਤੋਂ ਰੋਕਣ ਲਈ, ਕਰਮਚਾਰੀਆਂ, ਸਵਾਰੀਆਂ ਅਤੇ ਭਾਈਚਾਰਿਆਂ ਦੀ ਸੁਰੱਖਿਆ ਲਈ ਹਰ ਜ਼ਰੂਰੀ ਕਦਮ ਚੁੱਕਦੀ ਰਹੇਗੀ। ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਇਸ ਸਮੇਂ, ਹਰ 24 ਘੰਟਿਆਂ ਵਿੱਚ ਸੈਨੀਟਾਈਜ਼ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਫੈਸਿਲਿਟੀਜ ਅਤੇ ਟਰਮੀਨਲਾਂ ਦੇ ਲੰਚਰੂਮਸ, ਮੇਜਾਂ, ਕਾਉਂਟਰਸ ਅਤੇ ਦਰਵਾਜਿਆਂ ਦੇ ਹੈਂਡਲਾਂ ਦੀ ਦਿਨ ਵਿੱਚ ਦੋ ਵਾਰ ਸਫਾਈ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਸੈਨੀਟਾਈਜ਼ ਕੀਤਾ ਜਾਂਦਾ ਹੈ।

ਓਪਰੇਟਰਾਂ ਅਤੇ ਸਵਾਰੀਆਂ ਲਈ ਸਰੀਰਕ ਦੂਰੀ ਜਿਹੇ ਉਪਾਵਾਂ ਦਾ ਸਮਰਥਨ ਕਰਨ ਲਈ, ਹੇਠਾਂ ਦਿੱਤੇ ਉਪਾਅ ਕੀਤੇ ਜਾ ਰਹੇ ਹਨ:

- ਬੱਸਾਂ ਵਿੱਚ ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲਈਆਂ ਜਾ ਰਹੀਆਂ ਹਨ।

- ਪਿਛਲੇ ਦਰਵਾਜੇ ਤੋਂ ਬੱਸ ਤੇ ਚੜ੍ਹਨਾ ਅਤੇ ਮੁਫ਼ਤ ਕਿਰਾਇਆ ਲਾਗੂ ਹੈ। ਇਸਤੋਂ ਇਲਾਵਾ, ਅਸੀਂ ਓਪਰੇਟਰਾਂ ਅਤੇ ਸਵਾਰੀਆਂ ਵਿਚਕਾਰ ਖਾਲੀ ਥਾਂ ਰੱਖਣ ਲਈ ਪਲਾਸਟਿਕ ਚੇਨ ਵਰਗੇ ਬੈਰੀਅਰ ਲਗਾ ਰਹੇ ਹਾਂ, ਜਦਕਿ ਮੋਬਿਲਿਟੀ ਡਿਵਾਈਸਾਂ ਵਾਲੀਆਂ ਸਵਾਰੀਆਂ ਨੂੰ ਅਗਲੇ ਦਰਵਾਜਿਆਂ ਤੋਂ ਚੜ੍ਹਨ ਦੀ ਇਜਾਜ਼ਤ ਦਿੱਤੀ ਗਈ ਹੈ।
- ਵੱਧ ਵਿਅਸਤ ਰੂਟਾਂ ਤੇ, ਆਰਟੀਕੁਲੇਟਿਡ (ਵੱਖਰੇ ਹਿੱਸਿਆਂ ਵਾਲੀਆਂ) ਬੱਸਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਤਾਂ ਜੋ ਬੱਸ ਵਿੱਚ ਹੋਣ ਵੇਲੇ ਯਾਤਰੀਆਂ ਦੇ ਵਿੱਚ ਸਰੀਰਕ ਦੂਰੀ ਨੂੰ ਕਾਇਮ ਰੱਖਣ ਲਈ ਸਹਾਇਤਾ ਕੀਤੀ ਜਾਵੇ।
- ਸੀਟਾਂ ਦੀ ਪਛਾਣ ਸੰਕੇਤਾਂ ਨਾਲ ਕੀਤੀ ਜਾ ਸਕਦੀ ਹੈ। ਸਵਾਰੀਆਂ ਨੂੰ ਇਹਨਾਂ ਸੀਟਾਂ ਤੇ ਨਾ ਬੈਠਣ ਦੀ ਬੇਨਤੀ ਕੀਤੀ ਜਾਂਦੀ ਹੈ।
- ਘੱਟ ਵਰਤੇ ਜਾਣ ਵਾਲੇ ਰੂਟਾਂ ਤੇ, ਭੀੜ ਵਾਲੇ ਘੰਟਿਆਂ ਦੇ ਦੌਰਾਨ ਅਤੇ ਵੀਕੈਂਡ ਨੂੰ ਸੇਵਾ ਰੱਦ ਕਰ ਦਿੱਤੀ ਗਈ ਹੈ। ਸਰੀਰਕ ਦੂਰੀ ਨੂੰ ਸਹਿਯੋਗ ਕਰਨ ਵਾਸਤੇ, ਇਹਨਾਂ ਰੂਟਾਂ ਵਾਲੀਆਂ ਬੱਸਾਂ ਨੂੰ ਵੱਧ ਵਿਅਸਤ ਰੂਟਾਂ ਲਈ ਦਿੱਤਾ ਗਿਆ ਹੈ।

ਸਿਟੀ ਲਗਾਤਾਰ ਪੀਲ ਪਬਲਿਕ ਹੈਲਥ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ।

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca